بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸ਼ੁਕਰ ਗੁਜ਼ਾਰੀ ਦੇ ਹਵਾਲੇ ਨਾਲ ਸੱਯਦਨਾ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿਸ੍ ਸਲਾਮ੍ ਦਾ ਪਵਿੱਤਰ ਅਮਲੀ ਨਮੂਨਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ੍-ਮਸੀਹ੍ ਅਲ੍-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 28 ਅਗਸਤ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਹਜ਼ਰਤ ਮੁਹੱਮਦ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੇ ਝੰਡੇ ਨੂੰ ਦੁਨੀਆ ਵਿੱਚ ਲਹਿਰਾਉਣ ਲਈ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ ਜਿਹੜੀਆਂ **ਕੋਸ਼ਿਸ਼ਾਂ** ਕੀਤੀਆਂ ਉਹ ਜ਼ਾਹਿਰ ਹਨ। ਆਪ ؑ ਆਪਣੇ ਮਦਦਗਾਰਾਂ ਦੇ ਵੀ ਬਹੁਤ ਸ਼ੁਕਰ ਗੁਜ਼ਾਰ ਹੁੰਦੇ ਸਨ ਜਿਨ੍ਹਾਂ ਨੇ ਆਪ ؑ ਦੇ ਇਸ ਮਿਸ਼ਨ ਨੂੰ ਪੂਰਾ ਕਰਨ ਦੇ ਲਈ ਕਿਸੇ ਵੀ ਰਾਹ ਵਿੱਚ ਖ਼ਿਦਮਤ ਕੀਤੀ।

ਚੁਨਾਂਚਿ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ 04 ਅਕਤੂਬਰ 1899 ਈ: ਨੂੰ ਇਸ਼ਤਿਹਾਰ ਵਿੱਚ ਫ਼ਰਮਾਇਆ: ਇਹ ਖ਼ੁਦਾ ਤਆਲਾ ਦੀ ਸੁੰਨਤ ਹੈ ਕਿ ਹਰ ਇੱਕ **ਅਹਲੁੱਲਾਹ** (ਅੱਲਾਹ ਵਾਲਿਆਂ) ਦੇ ਗਿਰੋਹ ਨੂੰ ਆਪਣੀ ਸ਼ੁਰੂਆਤੀ ਹਾਲਤ ਵਿੱਚ ਚੰਦਿਆਂ ਦੀ ਲੋੜ ਪੈਂਦੀ ਹੈ। ਸਾਡੇ ਨਬੀ ﷺ ਨੇ ਵੀ ਕਈ ਵਾਰ ਸਹਾਬਾ ਉੱਤੇ ਚੰਦੇ ਲਾਗੂ ਕੀਤੇ ਜਿਨ੍ਹਾਂ ਵਿੱਚ ਹਜ਼ਰਤ ਅਬੂ ਬਕਰ ਰਜ਼ਿਯੱਲਾਹੁ ਅਨਹੁ ਸਭ ਤੋਂ ਵੱਧ ਕੇ ਰਹੇ। ਸੋ ਮਰਦਾਨਾ ਹਿੰਮਤ ਨਾਲ ਮਦਦ ਦੇ ਲਈ ਬਿਨਾ ਕਿਸੇ ਝਿਜਕ ਦੇ ਕ਼ਦਮ ਉਠਾਉਣਾ ਚਾਹੀਦਾ ਹੈ। ਹਰ ਇੱਕ ਆਪਣੀ ਤਾਕ਼ਤ ਦੇ ਮੁਤਾਬਿਕ਼ ਇਸ ਲੰਗਰ ਖ਼ਾਨੇ ਦੇ ਲਈ ਮਦਦ ਕਰੇ। ਮੈਂ ਚਾਹੁੰਦਾ ਹਾਂ ਕਿ ਜੇਕਰ ਮੁਮਕਿਨ ਹੋਵੇ ਤਾਂ ਇੱਕ ਅਜਿਹਾ ਪ੍ਰਬੰਧ ਹੋਵੇ ਕਿ ਅਸੀਂ ਲੰਗਰ ਖ਼ਾਨੇ ਦੇ ਸਿਰ ਦਰਦ ਤੋਂ ਵਿਹਲੇ ਹੋ ਕੇ ਆਪਣੇ ਕੰਮ ਵਿੱਚ ਚੰਗੀ ਤਰ੍ਹਾਂ ਲੱਗੇ ਰਹੀਏ ਅਤੇ ਸਾਡੇ ਸਮੇਂ ਦਾ ਕੋਈ ਨੁਕ਼ਸਾਨ ਨਾ ਹੋਵੇ। ਜਿਹੜੇ ਸਾਨੂੰ ਮਦਦ ਦਿੰਦੇ ਹਨ ਉਹ ਆਖ਼ਿਰ ਖ਼ੁਦਾ ਦੀ ਮਦਦ ਵੇਖਣਗੇ।

ਮੈਂ ਇਸ ਗੱਲ ਦੇ ਲਿਖਣ ਤੋਂ ਰਹਿ ਨਹੀਂ ਸਕਦਾ ਕਿ ਇਸ ਮਦਦ ਅਤੇ ਤਨ-ਮਨ ਨਾਲ ਕੰਮ ਕਰਨ ਵਿੱਚ ਅੱਵਲ ਦਰਜੇ 'ਤੇ ਸਾਡੇ ਖ਼ਾਲਿਸ ਮੁਖ਼ਲਿਸ ਮੌਲਵੀ ਹਕੀਮ ਨੂਰੁਦ੍ ਦੀਨ ਸਾਹਿਬ ਹਨ ਜਿਨ੍ਹਾਂ ਨੇ ਨਾ ਸਿਰਫ਼ ਮਾਲੀ ਮਦਦ ਕੀਤੀ ਬਲਕਿ ਦੁਨੀਆ ਦੇ ਸਾਰੇ ਸੰਬੰਧਾਂ ਤੋਂ ਪੱਲਾ ਝਾੜ ਕੇ ਅਤੇ ਫ਼ਕੀਰਾਂ ਦਾ ਜਾਮਾ ਪਹਿਨ ਕੇ ਅਤੇ ਆਪਣੇ ਵਤਨ ਤੋਂ **ਹਿਜਰਤ** ਕਰ ਕੇ ਕ਼ਾਦੀਆਂ ਵਿੱਚ ਮੌਤ ਦੇ ਦਿਨ ਤੱਕ ਆ ਬੈਠੇ ਹਨ ਅਤੇ ਹਰ ਵੇਲੇ ਹਾਜ਼ਿਰ ਹਨ। ਜੇਕਰ ਮੈਂ ਚਾਹਾਂ ਤਾਂ **ਪੂਰਬ** ਵਿੱਚ ਵੀ ਭੇਜ ਦਿਆਂ ਜਾਂ **ਪੱਛਮ** ਵਿੱਚ। ਮੇਰੇ ਨਜ਼ਦੀਕ ਇਹ ਉਹ ਲੋਕ ਹਨ ਜਿਨ੍ਹਾਂ ਦੇ ਬਾਰੇ ਬਰਾਹੀਨਿ ਅਹਮਦਿੱਯਾ ਵਿੱਚ ਇਲਹਾਮ ਹੈ أَصْحَابُ الصُّفَّةِ وَمَا أَدْرَاكَ مَا أَصْحَابُ الصُّفَّةِ ਅਤੇ ਇਨ੍ਹਾਂ ਤੋਂ ਬਾਅਦ ਦੂਸਰੇ ਦਰਜੇ 'ਤੇ ਮੌਲਵੀ ਅਬਦੁਲ ਕਰੀਮ ਸਾਹਿਬ ਸਿਆਲਕੋਟੀ ਹਨ। ਉਨ੍ਹਾਂ ਨੂੰ ਤਾਂ ਪਹਿਲਾਂ ਹੀ ਖ਼ੁਦਾ ਤਆਲਾ ਨੇ ਦੁਨੀਆ ਦੇ ਮਨਸਬ ਅਤੇ ਸ਼ੋਹਰਤ ਤਲਬੀ ਦੀ ਖ਼ਾਹਿਸ਼ ਨਹੀਂ ਦਿੱਤੀ ਪਰ ਹੁਣ ਉਹ ਬਿਲਕੁਲ ਦੁਨਿਆਵੀ ਖ਼ਿਆਲਾਂ ਨੂੰ ਵੀ ਇਸਤੀਫ਼ਾ ਦੇ ਕੇ ਇਸ **ਬੂਹੇ** 'ਤੇ ਆ ਬੈਠੇ ਹਨ ਅਤੇ ਦਿਨ ਰਾਤ ਆਪਣੇ ਦਿਮਾਗ਼ ਤੋਂ, ਆਪਣੀ ਤਾਕ਼ਤ ਤੋਂ ਵੱਧ ਕੰਮ ਲੈ ਕੇ, ਦੀਨ ਦੀ ਖ਼ਿਦਮਤ ਕਰ ਰਹੇ ਹਨ ਅਤੇ ਜੁਮਆ ਦੀ ਨਮਾਜ਼ ਵਿੱਚ ਬਹੁਤ ਸਾਰੇ ਕ਼ੁਰਆਨ ਸ਼ਰੀਫ਼ ਦੇ **ਹਕ਼ਾਇਕ਼** ਅਤੇ **ਮਆਰਿਫ਼** ਬਿਆਨ ਕਰਦੇ ਹਨ

ਅਤੇ ਮੁਸਲਮਾਨਾਂ ਨੂੰ ਫ਼ਾਇਦਾ ਪਹੁੰਚਾਉਂਦੇ ਹਨ ਅਤੇ ਮੌਲਵੀ ਹਕੀਮ ਨੂਰੁਦ੍ ਦੀਨ ਸਾਹਿਬ ਦੇ ਹਮ ਸ਼ਹਿਰ ਹਕੀਮ ਫ਼ਜ਼ਲਦੀਨ ਹਨ ਅਤੇ ਉਹ ਵੀ ਕ਼ਰੀਬਨ ਇਸੇ ਜਗ੍ਹਾ ਰਹਿੰਦੇ ਅਤੇ **ਖ਼ਿਦਮਤ** ਵਿੱਚ ਰੁੱਝੇ ਰਹਿੰਦੇ ਹਨ।

ਇਸ ਦੇ ਬਾਅਦ ਆਪ عليه السلام ਨੇ ਡਾਕਟਰ ਬੋੜੇ ਖ਼ਾਨ ਸਾਹਿਬ, ਖ਼ਲੀਫ਼ਾ ਰਸ਼ੀਦੁਦ੍ ਦੀਨ ਸਾਹਿਬ ਲਹੌਰੀ ਅਤੇ ਡਾਕਟਰ ਮਿਰਜ਼ਾ ਯਅਕੂਬ ਬੇਗ ਸਾਹਿਬ ਕਲਾਨੌਰੀ, ਡਾਕਟਰ ਮੁਹੱਮਦ ਇਸਮਾਈਲ ਸਾਹਿਬ, ਡਾਕਟਰ ਅਬਦੁਲ ਹਕੀਮ ਖ਼ਾਨ ਸਾਹਿਬ, ਮਿਰਜ਼ਾ ਖ਼ੁਦਾ ਬਖ਼ਸ਼ ਸਾਹਿਬ, ਸਾਹਿਬਜ਼ਾਦਾ ਸਿਰਾਜੁਲ ਹਕ਼ ਸਾਹਿਬ, ਸੇਠ ਅਬਦੁਰ੍ ਰਹਮਾਨ ਸਾਹਿਬ ਦਾ ਵੀ ਜ਼ਿਕਰ ਫ਼ਰਮਾਇਆ। ਫ਼ਰਮਾਇਆ ਕਿ ਸੇਠ ਸਾਹਿਬ ਮਹੀਨਾਵਾਰ ਰੁਪਈਆ ਬਿਨਾ ਕਿਸੇ ਨਾਗ਼ੇ ਦੇ ਭਿਜਵਾਉਂਦੇ ਹਨ ਅਤੇ ਕਈ ਵਾਰ 500 ਤੱਕ ਰਕ਼ਮ ਭੇਜੀ ਹੈ। ਇਸੇ ਤਰ੍ਹਾਂ ਸ਼ੇਖ਼ ਰਹਮਤੁੱਲਾਹ ਸਾਹਿਬ ਤਾਜਿਰ ਲਾਹੌਰ ਦਾ ਜ਼ਿਕਰ ਫ਼ਰਮਾਇਆ ਜਿਨ੍ਹਾਂ ਨੇ **ਮੁਕ਼ੱਦਮਿਆਂ** ਦੇ ਲਈ ਬਹੁਤ ਸਾਰੀ ਰਕ਼ਮ ਪੇਸ਼ ਕੀਤੀ। ਫਿਰ ਆਪ عليه السلام ਨੇ ਨਵਾਬ ਮੁਹੱਮਦ ਅਲੀ ਖ਼ਾਨ ਸਾਹਿਬ ਦਾ ਵੀ ਜ਼ਿਕਰ ਫ਼ਰਮਾਇਆ।

ਹਜ਼ਰਤ ਅਕ਼ਦਸ عليه السلام ਮਾਮੂਲੀ ਖ਼ਿਦਮਤ ਕਰਨ ਵਾਲਿਆਂ ਦੇ ਵੀ ਸ਼ੁਕਰ ਗੁਜ਼ਾਰ ਹੁੰਦੇ ਸਨ। ਖ਼ਵਾਜਾ ਕਮਾਲੁਦ੍ ਦੀਨ ਸਾਹਿਬ ਦੇ ਮੁਹੱਲੇ ਵਿੱਚ ਇੱਕ ਸ਼ਖ਼ਸ **ਫ਼ਾਲੂਦਾ** ਵੇਚਦਾ ਸੀ। ਉਸ ਨੇ ਇੱਕ ਵਾਰ ਇਸ ਖ਼ਾਹਿਸ਼ ਦਾ ਇਜ਼ਹਾਰ ਕੀਤਾ ਕਿ ਉਹ ਹਜ਼ੂਰ عليه السلام ਨੂੰ ਫ਼ਾਲੂਦਾ ਪੇਸ਼ ਕਰੇ। ਚੁਨਾਂਚਿ ਹਜ਼ੂਰ عليه السلام ਜਦ ਉਨ੍ਹਾਂ ਦੇ ਮਕਾਨ 'ਤੇ ਤਸ਼ਰੀਫ਼ ਲਿਆਏ ਤਾਂ ਆਪ عليه السلام ਦੀ ਇਜਾਜ਼ਤ ਨਾਲ਼ ਉਸ ਨੂੰ ਬੁਲਵਾਇਆ ਗਿਆ। ਉਸ ਨੇ ਫ਼ਾਲੂਦਾ ਬਣਾ ਕੇ ਹਜ਼ੂਰ عليه السلام ਨੂੰ ਪੇਸ਼ ਕੀਤਾ। ਆਪ عليه السلام ਨੇ ਫ਼ਰਮਾਇਆ, ਬੜਾ ਚੰਗਾ ਹੈ। ਫਿਰ ਉਸ ਨੇ ਦੋਸਤਾਂ ਦੇ ਲਈ 10-20 ਪਿਆਲੇ ਭੇਜੇ। ਹਜ਼ੂਰ عليه السلام ਨੇ ਉਸ ਨੂੰ 200 ਰੁਪਏ ਭੇਜੇ ਪਰ ਉਸ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਮੈਨੂੰ ਰਕ਼ਮ ਨਾਲ਼ ਸਰੋਕਾਰ ਨਹੀਂ, ਮੈਨੂੰ ਹਜ਼ੂਰ عليه السلام ਦੇ ਸਾਹਮਣੇ ਲੈ ਜਾਓ। ਚੁਨਾਂਚਿ ਉਹ ਹਜ਼ੂਰ عليه السلام ਦੇ ਕੋਲ਼ ਗਿਆ। ਆਪ عليه السلام ਨੇ ਉਸ ਦੇ ਲਈ ਦੁਆ ਕੀਤੀ ਅਤੇ **ਜਜ਼ਾਕੁਮੁੱਲਾਹ੍** ਕਿਹਾ।

ਹਜ਼ਰਤ ਇਬਰਾਹੀਮ ਬਕ਼ਾਪੁਰੀ ਸਾਹਿਬ ਬਿਆਨ ਕਰਦੇ ਹਨ ਕਿ ਇੱਕ ਵਾਰ ਜਮਾਅਤ ਸਿਆਲਕੋਟ ਵਿੱਚੋਂ ਅਹਬਾਬ ਨੇ ਕੁੱਝ ਰੁਪਈਆ ਬ-ਤੌਰ ਤੋਹਫ਼ਾ ਪੇਸ਼ ਕੀਤਾ। ਹਜ਼ੂਰ عليه السلام ਨੇ ਪਹਿਲਾਂ **ਅਲ੍-ਹਮ੍ਦੁਲਿੱਲਾਹ੍** ਕਿਹਾ ਫਿਰ **ਜਜ਼ਾਕੁਮੁੱਲਾਹ੍** ਜਿਸ ਨਾਲ਼ ਸਾਡੇ ਈਮਾਨ ਵਿੱਚ ਇੱਕ ਕ਼ਿਸਮ ਦੀ ਤਰੱਕ਼ੀ ਹੋਈ ਕਿ ਪਹਿਲਾਂ ਹਜ਼ੂਰ عليه السلام ਨੇ ਖ਼ੁਦਾ ਦਾ ਸ਼ੁਕਰ ਅਦਾ ਕੀਤਾ ਫਿਰ ਸਾਡੇ ਲਈ ਦੁਆ ਕੀਤੀ।

ਇੱਕ ਵਾਕ਼ਿਆ ਜ਼ੁਲ੍ਫ਼ਿਕ਼ਾਰ ਅਲੀ ਖ਼ਾਨ ਗੌਹਰ ਸਾਹਿਬ ਬਿਆਨ ਕਰਦੇ ਹਨ ਕਿ ਇੱਕ ਵਾਰ ਹਜ਼ੂਰ عليه السلام ਬੈਤੁਦ੍ ਦੁਆ ਦੇ ਥਲੜੇ ਵਾਲ਼ੇ ਕਮਰੇ 'ਚੋਂ ਬਾਹਰ ਆਏ। ਮੈਂ ਉਸ ਵਿੱਚ ਰਿਹਾਇਸ਼ ਰੱਖਦਾ ਸੀ। ਹਜ਼ੂਰ عليه السلام ਨੇ ਵਾਲ਼ਾਂ ਵਿੱਚ ਮਹਿੰਦੀ ਲਾਈ ਹੋਈ ਸੀ। ਮੈਨੂੰ ਕਿਹਾ ਕਿ ਮੌਲਵੀ ਸੱਯਦ ਸਰਵਰ ਸ਼ਾਹ ਸਾਹਿਬ ਨੂੰ ਕਹਿ ਦਿਓ ਕਿ ਕੁੱਝ ਖਾਣਾ ਸਾਡੇ ਲਈ ਇੱਥੇ ਲੈ ਆਉਣ। ਮੈਂ ਪੈਗ਼ਾਮ ਪਹੁੰਚਾਇਆ ਤਾਂ ਦੇਖਿਆ ਕਿ ਖਾਣਾ ਬਿਲਕੁਲ ਖ਼ਤਮ ਸੀ।। ਮੌਲਵੀ ਸਾਹਿਬ ਦੇ ਚਿਹਰੇ ਦਾ ਰੰਗ ਉੱਡ ਗਿਆ ਕਿ ਹਜ਼ੂਰ عليه السلام ਦੇ ਲਈ ਕੋਈ ਖਾਣਾ ਨਹੀਂ ਬਚਿਆ। ਬ-ਹਰ-ਹਾਲ ਉਨ੍ਹਾਂ ਨੇ ਇੱਕ ਛੋਟੇ ਜਿਹੇ ਪਿਆਲੇ ਵਿੱਚ **ਦੁੱਧ** ਲਿਆ ਅਤੇ ਤਿੰਨ **ਟੋਸਟ** ਅਤੇ **ਸ਼ੱਕਰ** ਲਈ ਅਤੇ ਹਜ਼ੂਰ عليه السلام ਦੇ ਸਾਹਮਣੇ ਪੇਸ਼ ਹੋਏ। ਅਰਜ਼ ਕੀਤਾ ਕਿ ਹੋਰ ਕੁੱਝ ਨਹੀਂ ਹੈ। ਹਜ਼ੂਰ عليه السلام ਨੇ ਨਿਹਾਇਤ ਸ਼ੁਕਰ ਦੇ ਨਾਲ਼, ਜਿਹੜਾ ਚਿਹਰੇ ਤੋਂ ਜ਼ਾਹਿਰ ਸੀ, ਖਾਣਾ ਲਿਆ। ਦੋ ਟੋਸਟਾਂ ਨੂੰ ਕੱਢ ਕੇ ਸ਼ੱਕਰ ਨਾਲ਼ ਲਾ ਕੇ ਖਾ ਲਿਆ ਅਤੇ ਪਾਣੀ ਪੀ ਲਿਆ।

ਅਗਸਤ 1900 ਈ: ਨੂੰ ਆਪ عليه السلام ਨੇ ਇੱਕ ਖ਼ਤ ਵਿੱਚ ਹਜ਼ਰਤ ਨਵਾਬ ਮੁਹੱਮਦ ਅਲੀ ਸਾਹਿਬ ਦਾ ਸ਼ੁਕਰੀਆ ਅਦਾ ਕੀਤਾ ਕਿ ਆਪ ਨੇ ਇੱਕ ਨਿਹਾਇਤ ਨਫ਼ੀਸ (ਉਮਦਾ) ਕੱਪੜਾ ਬ-ਤੌਰ ਤੋਹਫ਼ਾ ਭੇਜਿਆ ਹੈ। ਲਿਬਾਸ ਦੇ ਬਦਲੇ ਵਿੱਚ ਆਪ عليه السلام ਨੇ ਉਨ੍ਹਾਂ ਦੇ ਲਈ ਦੁਆ ਕੀਤੀ ਕਿ ਅੱਲਾਹ ਇਸ ਦੇ ਬਦਲੇ ਆਪਣੇ ਬੇ-ਇੰਤਿਹਾ ਅਤੇ ਨਾ-ਮਾਲੂਮ **ਕਰਮ** ਅਤੇ **ਫ਼ਜ਼ਲ** ਕਰੇ ਅਤੇ **ਲਿਬਾਸਿ ਤਕ਼ਵਾ** ਨਾਲ਼ ਕਾਮਿਲ ਤੌਰ 'ਤੇ ਔਲੀਆ ਅਤੇ ਸੁਲਹਾ ਦੇ ਰੰਗ ਨਾਲ਼ ਮੁਸ਼ੱਰਫ਼ ਬਣਾ ਦੇਵੇ।

ਇੱਕ ਖ਼ਤ ਵਿੱਚ ਹਜ਼ਰਤ ਡਾਕਟਰ ਖ਼ਲੀਫ਼ਾ ਰਸ਼ੀਦੁਦ੍ ਦੀਨ ਸਾਹਿਬ ਨੂੰ ਫ਼ਰਮਾਇਆ: ਆਪ ਦੇ ਵੱਲੋਂ 50 ਰੁਪਏ ਮੁਸ਼ਕਿਲ ਵਕ਼ਤ ਵਿੱਚ ਪਹੁੰਚ ਗਏ। ਅਜਿਹੇ ਨਾਜ਼ੁਕ ਅਤੇ ਲੋੜ ਦੇ ਵੇਲੇ ਜਦ ਕਿ ਦੁਸ਼ਮਣ ਨੇ ਅਦਾਲਤ ਵਿੱਚ ਮੇਰੇ 'ਤੇ **ਮੁਕ਼ੱਦਮਾ** ਚੁੱਕਿਆ ਹੋਇਆ ਹੈ। ਤੁਹਾਡਾ ਲਗਾਤਾਰ ਮਾਲੀ ਮਦਦ ਕਰਨਾ ਸ਼ੁਕਰ ਗੁਜ਼ਾਰੀ ਦੇ ਕ਼ਾਬਿਲ ਹੈ।

ਇੱਕ ਸਹਾਬੀ ਕਹਿੰਦੇ ਹਨ ਕਿ ਮੈਂ ਅਹਮਦਿੱਯਤ੍ ਕ਼ਬੂਲ ਕੀਤੀ ਅਤੇ ਆਪਣੇ ਘਰ ਵਾਲਿਆਂ ਕੋਲੋਂ ਇਸ ਨੂੰ ਲੁਕਾ ਕੇ ਰੱਖਿਆ। ਕੁੱਝ ਅਰਸੇ ਬਾਅਦ ਭੇਦ ਖੁੱਲ੍ਹ ਗਿਆ। ਵਾਲਿਦ ਸਾਹਿਬ ਨੇ ਦਾਸ ਨੂੰ ਸਖ਼ਤ ਜਵਾਬ ਦੇ ਕੇ ਘਰੋਂ ਕੱਢ ਦਿੱਤਾ ਕਿ ਤੂੰ ਅਹਮਦੀ ਹੋ ਗਿਆ ਹੈਂ। ਮੈਂ ਇੱਕ ਦੁਕਾਨ ਖੋਲ੍ਹ ਲਈ। ਦਾਸ ਦਰਜ਼ੀ ਦਾ ਕੰਮ ਕਰਦਾ ਸੀ। ਮੈਨੂੰ ਦਿਲੀ ਸ਼ੌਕ਼ ਹੋਇਆ ਕਿ ਮੈਂ ਹਜ਼ਰਤ ਅਕ਼ਦਸ عليه السلام ਦੇ ਲਈ ਇੱਕ **ਪੋਸ਼ਾਕ** ਬਣਾਵਾਂ। ਚੁਨਾਂਚਿ ਮੈਂ ਇੱਕ **ਕੁਰਤਾ** ਅਤੇ **ਸਲਵਾਰ** ਬਣਾਈ ਅਤੇ ਇੱਕ **ਕੋਟ** ਵੀ ਤਿਆਰ ਕੀਤਾ। ਕਿਸੇ ਕੋਲੋਂ ਕ਼ਾਦੀਆਂ ਦਾ ਕਿਰਾਇਆ ਫੜ ਕੇ ਪਹੁੰਚ ਗਿਆ। ਇਹ ਜੁਮਏ ਦਾ ਦਿਨ ਸੀ। ਮੇਰੀ ਖ਼ਾਹਿਸ਼ ਸੀ ਕਿ ਅੱਜ ਹੀ ਹਜ਼ੂਰ عليه السلام ਦੀ ਖ਼ਿਦਮਤ ਵਿੱਚ ਇਹ ਤੋਹਫ਼ਾ ਪੇਸ਼ ਕਰਾਂ ਤਾਂ ਜੋ ਆਪ عليه السلام ਜੁਮਏ 'ਤੇ ਪਹਿਨੋ। ਮੈਨੂੰ ਕ਼ਾਜ਼ੀ ਜ਼ਿਆਉਦ੍ ਦੀਨ ਸਾਹਿਬ ਦੁਕਾਨ 'ਤੇ ਮਿਲੇ। ਉਨ੍ਹਾਂ ਨਾਲ ਜ਼ਿਕਰ ਕੀਤਾ ਤਾਂ ਉਹ ਮੈਨੂੰ ਹਜ਼ੂਰ عليه السلام ਦੇ ਕੋਲ ਲੈ ਗਏ। ਆਪ عليه السلام ਇੱਕ ਤਖ਼ਤ 'ਤੇ ਬੈਠੇ ਸਨ ਅਤੇ ਕੁੱਝ ਲਿਖ ਰਹੇ ਸਨ। ਕ਼ਰੀਬ ਖ਼ਵਾਜਾ ਕਮਾਲੁਦ੍ ਦੀਨ ਸਾਹਿਬ ਚਟਾਈ 'ਤੇ ਬੈਠੇ ਸਨ। ਅਸੀਂ ਵੀ ਬੈਠ ਗਏ। ਖ਼ਵਾਜਾ ਸਾਹਿਬ ਨੇ ਸਾਡੇ ਕੋਲੋਂ ਪੁੱਛਿਆ ਕਿ ਕੀ ਮੈਂ ਤੁਹਾਡਾ ਮਕ਼ਸਦ ਪੇਸ਼ ਕਰਾਂ। ਫਿਰ ਖ਼ਵਾਜਾ ਸਾਹਿਬ ਨੇ ਉਹ ਕੱਪੜੇ ਹਜ਼ੂਰ عليه السلام ਨੂੰ ਪੇਸ਼ ਕੀਤੇ ਅਤੇ ਅਰਜ਼ ਕੀਤਾ ਕਿ ਲੜਕੇ ਦੀ ਖ਼ਾਹਿਸ਼ ਹੈ ਕਿ ਹਜ਼ੂਰ عليه السلام ਇਨ੍ਹਾਂ ਕੱਪੜਿਆਂ ਨੂੰ ਪਹਿਨ ਕੇ ਜੁਮਏ ਦੀ ਨਮਾਜ਼ ਪੜ੍ਹਨ। ਹਜ਼ਰਤ ਸਾਹਿਬ عليه السلام ਨੇ ਉਸੇ ਵੇਲੇ ਅੰਦਰ ਜਾ ਕੇ ਉਹ ਲਿਬਾਸ ਪਹਿਨਿਆ। ਕੋਟ ਥੋੜਾ **ਤੰਗ** ਸੀ। ਮੈਂ ਉਸ ਨੂੰ ਬਾਜ਼ਾਰ ਲੈ ਆਇਆ ਕਿ ਖੋਲ੍ਹ ਕੇ ਕੁੱਝ ਠੀਕ ਕਰਾਂ। ਜਦ ਵਾਪਸ ਲਿਆਇਆ ਤਾਂ ਹਜ਼ੂਰ عليه السلام ਨੇ ਫਿਰ ਪਹਿਨਿਆ ਪਰ ਆਪ عليه السلام ਨੂੰ ਅਜੇ ਵੀ ਤੰਗ ਸੀ। ਬਟਨ ਬੰਦ ਨਹੀਂ ਹੁੰਦੇ ਸਨ। ਫਿਰ ਵੀ ਮੇਰੀ ਖ਼ੁਸ਼ੀ ਦੇ ਲਈ ਖਿੱਚ ਤਾਨ ਕੇ ਬਟਨ ਬੰਦ ਕਰ ਲਏ।

ਅਹਮਦੀ ਕ਼ੌਮ ਦੇ ਨਾਮ ਇੱਕ ਖ਼ਤ ਵਿੱਚ ਆਪ عليه السلام ਫ਼ਰਮਾਉਂਦੇ ਹਨ: ਅਸ੍-ਸਲਾਮੁ ਅਲੈਕੁਮ੍ ਵ-ਰਹਮਤੁੱਲਾਹਿ ਵ-ਬਰਕਾਤੁਹੂ। ਸਭ ਤੋਂ ਪਹਿਲਾਂ ਅੱਲਾਹ ਤਆਲਾ ਦਾ ਸ਼ੁਕਰ ਮੇਰੇ ਦਿਲ ਵਿੱਚ ਜੋਸ਼ ਮਾਰਦਾ ਹੈ ਜਿਸ ਨੇ ਮੇਰੀ ਜਮਾਅਤ ਨੂੰ ਸੱਚੀ **ਇਰਾਦਤ** ਅਤੇ **ਮੁਹੱਬਤ** ਅਤੇ **ਹਮਦਰਦੀ** ਅਤਾ ਫ਼ਰਮਾਈ ਹੈ।। ਜੇਕਰ ਖ਼ੁਦਾ ਤਆਲਾ ਦਾ ਫ਼ਜ਼ਲ ਉਨ੍ਹਾਂ ਦੇ ਨਾਲ ਨਾ ਹੁੰਦਾ ਤਾਂ ਇਹ ਤੌਫ਼ੀਕ਼ ਉਨ੍ਹਾਂ ਨੂੰ ਹਰਗਿਜ਼ ਨਾ ਦਿੱਤੀ ਜਾਂਦੀ ਕਿ ਉਸ ਸਹਾਬਾ ਦੇ ਕ਼ਦਮ 'ਤੇ ਇਸ ਦਰਜੇ ਦੀ ਆਗਿਆਕਾਰੀ ਕਰਦੇ ਕਿ ਬਾਵਜੂਦ ਆਪਣੀਆਂ ਮਾਲੀ ਮੁਸ਼ਕਿਲਾਂ ਅਤੇ ਆਮਦਨ ਦੀ ਕਮੀ ਦੇ, ਆਪਣੀ ਤਾਕ਼ਤ ਤੋਂ ਵਧ ਕੇ ਮਾਲੀ ਖ਼ਿਦਮਤ ਵਿੱਚ ਰੁੱਝੇ ਹੁੰਦੇ। ਮੈਂ ਦੁਆ ਕਰਦਾ ਹਾਂ ਕਿ ਖ਼ੁਦਾ ਤਆਲਾ ਉਨ੍ਹਾਂ ਸਭ ਦੇ ਮਾਲਾਂ ਵਿੱਚ ਬਰਕਤ ਦੇਵੇ ਅਤੇ ਇਹ ਨੁਸਰਤ ਅਤੇ ਮਦਦ ਜੋ ਉਹ ਦੀਨੀ ਮਕ਼ਸਦ ਦੀ ਪੂਰਤੀ ਦੇ ਲਈ ਕਰ ਰਹੇ ਹਨ, ਖ਼ੁਦਾ ਤਆਲਾ ਦੋਵਾਂ ਜਹਾਨਾਂ ਵਿੱਚ ਉਨ੍ਹਾਂ ਦੀ ਭਲਾਈ ਦਾ ਕਾਰਨ ਬਣਾਵੇ। ਆਮੀਨ ਸੁੱਮਾ ਆਮੀਨ।

ਫਿਰ ਇੱਕ ਮੌਕ਼ੇ ਤੇ ਫ਼ਰਮਾਇਆ: ਅੱਲਾਹ ਤਆਲਾ ਨੇ ਜਿਨ੍ਹਾਂ 'ਤੇ ਫ਼ਜ਼ਲ ਕੀਤਾ ਹੈ ਉਸ ਦੀ ਸ਼ੁਕਰ ਗੁਜ਼ਾਰੀ ਇਹੀ ਹੈ ਕਿ ਉਸਦੀ **ਮਖ਼ਲੂਕ਼** ਦੇ ਨਾਲ ਇਹਸਾਨ ਦਾ ਸਲੂਕ ਕਰਨ ਅਤੇ ਉਸ ਖ਼ੁਦਾ ਦੇ ਫ਼ਜ਼ਲ 'ਤੇ **ਹਉਮੈ** ਨਾ ਕਰਨ ਅਤੇ ਵਹਿਸ਼ੀਆਂ ਦੀ ਤਰ੍ਹਾਂ ਗ਼ਰੀਬਾਂ ਨੂੰ ਕੁਚਲ ਨਾ ਦੇਣ। ਯਾਨੀ ਲੋਕਾਂ ਦੀ ਮਦਦ ਵੱਲ ਤਵੱਜੋ ਦਵਾਈ।

ਅੱਲਾਹ ਤਆਲਾ ਆਪ عليه السلام ਨੂੰ ਲੋਕਾਂ ਦੇ ਮਾਮਲਿਆਂ ਦੇ ਬਾਰੇ ਵੀ ਪਹਿਲਾਂ **ਇਤਲਾਅ** ਦੇ ਦਿੰਦਾ ਸੀ। ਕਈ ਵਾਰ ਅੱਲਾਹ ਤਆਲਾ ਦੀ ਹਿਕਮਤ ਦੇ ਤਹਿਤ ਉਨ੍ਹਾਂ ਨੂੰ ਪੂਰਾ ਹੋਣ ਵਿੱਚ ਸਮਾਂ ਲੱਗ ਜਾਂਦਾ ਸੀ। ਅਜਿਹੇ ਮੌਕ਼ੇ 'ਤੇ ਆਪ عليه السلام ਦੁਆਵਾਂ ਵਿੱਚ ਲੱਗ ਜਾਂਦੇ ਸਨ ਅਤੇ ਜਦ ਉਹ ਗੱਲ ਪੂਰੀ ਹੋ ਜਾਂਦੀ ਤਾਂ ਆਪ عليه السلام ਇੰਤਿਹਾਈ ਸ਼ੁਕਰ ਗੁਜ਼ਾਰੀ ਦੇ ਨਾਲ ਅੱਲਾਹ ਤਆਲਾ ਦੇ ਹਜ਼ੂਰ **ਸਜਦੇ** ਵਿੱਚ ਡਿੱਗ ਜਾਂਦੇ।

ਇੱਕ ਮੌਕ਼ੇ ਦਾ ਜ਼ਿਕਰ ਫ਼ਰਮਾਉਂਦੇ ਹਨ ਕਿ ਇੱਕ ਵਾਰ ਇੱਕ ਹਿੰਦੂ ਬਿਸ਼ੰਬਰ ਦਾਸ ਬਰਾਦਰ ਸ਼ਰਮਪਤ ਦੇ ਬਾਰੇ ਮੈਂ ਪੇਸ਼ਗੋਈ (ਭਵਿੱਖ ਬਾਣੀ) ਕੀਤੀ ਸੀ ਕਿ ਉਹ **ਫ਼ੌਜਦਾਰੀ ਮੁਕ਼ੱਦਮੇ** ਤੋਂ ਬਰੀ ਨਹੀਂ ਹੋਵੇਗਾ ਪਰ ਉਸ ਦੀ ਅੱਧੀ ਕ਼ੈਦ ਬਾਕ਼ੀ ਰਹਿ ਜਾਵੇਗੀ। ਸਬੱਬ ਨਾਲ ਜਦ ਫ਼ੈਸਲਾ ਸੁਣਾਇਆ ਗਿਆ ਤਾਂ ਉਸ ਦੇ ਵਾਰਿਸਾਂ ਨੇ ਉਮੀਦ ਦੇ ਖ਼ਿਲਾਫ਼ ਮਸ਼ਹੂਰ ਕਰ ਦਿੱਤਾ ਕਿ ਬਿਸ਼ੰਬਰ ਦਾਸ ਬਰੀ ਹੋ ਗਿਆ ਹੈ। ਮੈਂ ਵੱਡੀ ਮਸਜਿਦ ਵਿੱਚ ਨਮਾਜ਼ ਪੜ੍ਹਨ ਦੇ ਲਈ ਗਿਆ ਸੀ

ਤਾਂ ਇੱਕ ਸ਼ਖ਼ਸ ਨੇ ਮੈਨੂੰ ਇਤਲਾਅ ਦਿੱਤੀ ਕਿ ਬਿਸ਼ੰਬਰ ਦਾਸ ਬਰੀ ਹੋ ਗਿਆ ਹੈ ਅਤੇ ਬਾਜ਼ਾਰ ਵਿੱਚ ਉਸ ਨੂੰ **ਮੁਬਾਰਕਬਾਦਾਂ** ਮਿਲ ਰਹੀਆਂ ਹਨ। ਮੈਨੂੰ ਬਹੁਤ ਸਦਮਾ ਹੋਇਆ ਕਿ ਹੁਣ ਹਿੰਦੂ ਇਸ ਗੱਲ 'ਤੇ ਹਮਲਾ ਕਰਨਗੇ ਕਿ ਮਿਰਜ਼ਾ ਸਾਹਿਬ ਦੀ ਪੇਸ਼ਗੋਈ (ਭਵਿੱਖ ਬਾਣੀ) ਪੂਰੀ ਨਾ ਹੋਈ। ਮੈਨੂੰ ਇਸ ਗ਼ਮ ਨਾਲ ਇੱਕ-ਇੱਕ **ਰਕਅਤ** ਨਮਾਜ਼ ਦੀ ਇੱਕ ਇੱਕ ਸਾਲ ਦੇ ਬਰਾਬਰ ਮਹਿਸੂਸ ਹੋਈ ਅਤੇ ਜਦ ਮੈਂ ਨਮਾਜ਼ ਵਿੱਚ ਕਿਸੇ ਰਕਅਤ ਦੇ ਬਾਅਦ ਸਜਦਾ ਵਿੱਚ ਗਿਆ ਉਸ ਵੇਲੇ ਮੇਰਾ ਇਜ਼ਤਿਰਾਰ ਨਿਹਾਇਤ ਇੰਤਿਹਾ ਤੱਕ ਪਹੁੰਚ ਗਿਆ। ਤਦ ਇਲਾਹਮ ਹੋਇਆ لَا تَخَفْ إِنَّكَ أَنْتَ الْأَعْلَىٰ ਫਿਰ ਮੈਂ ਉਡੀਕਦਾ ਰਿਹਾ ਕਿ ਪੇਸ਼ਗੋਈ (ਭਵਿੱਖ ਬਾਣੀ) ਕਿਸ ਤਰ੍ਹਾਂ ਪੂਰੀ ਹੋਵੇਗੀ ਪਰ ਕੋਈ ਨਿਸ਼ਾਨ ਜ਼ਾਹਿਰ ਨਾ ਹੋਇਆ। ਮੈਂ ਵਾਰ-ਵਾਰ ਸ਼ਰਮਪਤ ਕੋਲੋਂ ਪੁੱਛਦਾ ਰਿਹਾ ਪਰ ਉਸ ਨੇ ਇਹੀ ਕਿਹਾ ਕਿ ਉਹ ਬਰੀ ਹੋ ਗਿਆ। ਇਸੇ ਤਰ੍ਹਾਂ ਕ਼ਰੀਬਨ ਛੇ ਮਹੀਨੇ ਲੰਘ ਗਏ ਜਾਂ ਘੱਟ ਵੱਧ ਅਤੇ ਸ਼ਰੀਰ (ਭੈੜੇ ਲੋਕ) ਲੋਕ ਹਾਸਾ **ਮਖ਼ੌਲ** ਕਰਦੇ ਸਨ ਪਰ ਸ਼ਰਮਪਤ ਨੇ ਕਦੀ ਮਖ਼ੌਲ ਨਹੀਂ ਕੀਤਾ। ਇੱਕ ਦਿਨ ਅਜਿਹਾ ਸਬੱਬ ਹੋਇਆ ਕਿ ਸਵੇਰੇ ਬਟਾਲੇ ਤੋਂ ਇੱਕ ਤਹਿਸੀਲਦਾਰ ਕ਼ਾਦੀਆਂ ਆਇਆ। ਅਜੇ ਉਹ ਘੋੜੇ ਤੋਂ ਨਹੀਂ ਉਤਰਿਆ ਸੀ ਕਿ ਹਿੰਦੂ ਉਸ ਨੂੰ ਸਲਾਮ ਕਰਨ ਆਏ। ਉਸ ਨੇ ਬਿਸ਼ੰਬਰ ਦਾਸ ਨੂੰ ਦੇਖ ਕੇ ਕਿਹਾ ਕਿ ਅਸੀਂ ਇਸ ਗੱਲੋਂ ਖ਼ੁਸ਼ ਹੋਏ ਹਾਂ ਕਿ ਕ਼ੈਦ ਤੋਂ ਰਿਹਾਈ ਪਾਈ ਪਰ ਤੋਂ ਬਰੀ ਨਾ ਹੋਇਆ। ਮੈਂ ਇਸ ਗੱਲ ਨੂੰ ਸੁਣਦੇ ਹੀ **ਸਜਦਏ ਸ਼ੁਕਰ** ਕੀਤਾ ਅਤੇ ਸ਼ਰਮਪਤ ਨੂੰ ਪੁੱਛਿਆ ਕਿ ਤੂੰ ਇੰਨਾ ਅਰਸਾ ਕਿਉਂ ਝੂਠ ਬੋਲਦਾ ਰਿਹਾ ਅਤੇ ਮੈਨੂੰ ਦੁੱਖ ਦਿੱਤਾ? ਉਸ ਨੇ ਕਿਹਾ ਕਿ ਮੈਨੂੰ ਮਜਬੂਰੀ ਵਿੱਚ ਝੂਠ ਬੋਲਣਾ ਪਿਆ ਨਹੀਂ ਤਾਂ ਰਿਸ਼ਤੇ ਨਾਤੇ ਵੇਲੇ ਸਾਡੀ ਕ਼ੌਮ ਵਿੱਚ ਅਜਿਹੀਆਂ ਗੱਲਾਂ 'ਤੇ ਬਹੁਤ ਨੁਕਤਾ ਚੀਨੀ ਹੁੰਦੀ ਹੈ। ਅਤੇ ਬਦ-ਚੱਲਣੀ ਸਾਬਿਤ ਹੋਣ 'ਤੇ ਰਿਸ਼ਤਾ ਮਿਲਣਾ ਮੁਸ਼ਕਿਲ ਹੋ ਜਾਂਦਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ: ਕੋਈ **ਕ਼ੌਮ** ਨਹੀਂ ਜਿਸ ਵਿੱਚ ਮੇਰੇ ਨਿਸ਼ਾਨ ਜ਼ਾਹਿਰ ਨਹੀਂ ਹੋਏ ਅਤੇ ਕੋਈ **ਫ਼ਿਰਕ਼ਾ** ਨਹੀਂ ਜਿਹੜਾ ਮੇਰੇ ਨਿਸ਼ਾਨਾਂ ਦਾ ਗਵਾਹ ਨਹੀਂ। ਜੇਕਰ ਇਹ ਨਿਸ਼ਾਨ, ਜਿਹੜੇ ਉਨ੍ਹਾਂ ਨੂੰ ਦਿਖਾਏ ਗਏ, ਹਜ਼ਰਤ ਈਸਾ ਬਿਨ ਮਰਯਮ ਅਲੈਹਿਸ੍ ਸਲਾਮ੍ ਦੇ ਵੇਲੇ ਯਹੂਦੀਆਂ ਨੂੰ ਦਿਖਾਏ ਜਾਂਦੇ ਤਾਂ ضُرِبَتْ عَلَيْهِمُ الذِّلَّةُ وَالْمَسْكَنَةُ ਉਹ **ਜ਼ਿੱਲਤ** ਅਤੇ **ਮਿਸਕੀਨੀ** ਦੇ ਹੱਕਦਾਰ ਨਾ ਹੁੰਦੇ ਅਤੇ ਜੇਕਰ ਲੂਤ ਦੀ ਕ਼ੌਮ ਇਨ੍ਹਾਂ ਨਿਸ਼ਾਨਾਂ ਦਾ ਮੁਸ਼ਾਹਿਦਾ ਕਰਦੀ ਤਾਂ ਇੱਕ ਵੱਡੇ ਭੁਚਾਲ ਨਾਲ ਜ਼ਮੀਨ ਦੇ ਥੱਲੇ ਨਾ ਦਬਾਈ ਜਾਂਦੀ। ਪਰ ਅਫ਼ਸੋਸ ਉਨ੍ਹਾਂ ਦਿਲਾਂ 'ਤੇ ਕਿ ਉਹ ਪੱਥਰ ਤੋਂ ਵੀ ਜ਼ਿਆਦਾ ਸਖ਼ਤ ਸਾਬਿਤ ਹੋਏ ਅਤੇ ਹਰ ਇੱਕ ਤਰੀਕ਼ੇ ਨਾਲ ਉਨ੍ਹਾਂ ਦੇ ਦਿਲ **ਹਨੇਰਾ** ਵਧ ਗਿਆ।

ਅੱਲਾਹ ਤਆਲਾ ਸਾਨੂੰ ਜਿੱਥੇ ਸ਼ੁਕਰ ਗੁਜ਼ਾਰੀ ਦੀ ਹਕ਼ੀਕ਼ੀ ਸਮਝ ਅਤਾ ਫ਼ਰਮਾਵੇ ਉੱਥੇ ਸਾਨੂੰ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੇ ਗ਼ੁਲਾਮਿ ਸਾਦਿਕ਼ ਦੀ ਬੈਅਤ ਵਿੱਚ ਆ ਕੇ ਹਕ਼ੀਕ਼ੀ ਰੌਸ਼ਨੀ, ਬਸਾਰਤ ਅਤੇ ਮਅਰਿਫ਼ਤ ਵੀ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞